بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَ عَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA
Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਵਕਫ਼ੇ ਜਦੀਦ ਦੇ 66ਵੇਂ ਸਾਲ ਦੌਰਾਨ ਅਹਮਦੀਆਂ ਵਲੋਂ ਪੈਸ਼ ਹੋਣ ਵਾਲਿਆਂ ਵਿੱਤੀ ਕੁਰਬਾਨੀਆਂ ਦਾ ਜ਼ਿਕਰ ਅਤੇ 67ਵੇਂ ਸਾਲ ਦੇ ਆਰੰਭ ਦਾ ਐਲਾਨ, ਫ਼ਲਸਤੀਨੀਆਂ ਲਈ ਦੁਆਵਾਂ ਦੀ ਤਹਰੀਕ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ**
**ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 05 ਜਨਵਰੀ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ**

أَشۡهَدُ أَنۡ لَّا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ۔ بِسۡمِ اللّٰهِ الرَّحۡمٰنِ الرَّحِيۡمِ۔ اَلۡحَمۡدُ لِلّٰهِ رَبِّ الۡعٰلَمِيۡنَ ۙ۔ الرَّحۡمٰنِ الرَّحِيۡمِ ۙ۔ مٰلِكِ يَوۡمِ الدِّيۡنِ ؕ۔ اِيَّاكَ نَعۡبُدُ وَ اِيَّاكَ نَسۡتَعِيۡنُ ۔ اِهۡدِنَا الصِّرَاطَ الۡمُسۡتَقِيۡمَ ۙ۔ صِرَاطَ الَّذِيۡنَ اَنۡعَمۡتَ عَلَيۡهِمۡ ۔ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ

ਤਸ਼ਹੁਦੱ, ਤਾਉਜ਼, ਸੂਰਤੁਲੱ ਫ਼ਾਤਿਹਾ ਅਤੇ ਸੂਰਤੁਸੱਫ਼ ਦੀ ਆਇਤ 11 ਤੋਂ 13 ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਹੇ ਮੋਮਿਨੋ ! ਕੀ ਮੈਂ ਤੁਹਾਨੂੰ ਇਕੱ ਅਜਿਹਾ ਵਣਜ ਦੱਸਾਂ, ਜੋ ਤੁਹਾਨੂੰ ਘੋਰ ਕਸ਼ਟ ਤੋਂ ਬਚਾ ਸਕੇ ?(ਉਹ ਵਣਜ ਇਹ ਹੈ ਕਿ) ਤੁਸੀਂ ਰਬੱ ਅਤੇ ਉਸ ਦੇ ਰਸੂਲ ਉੱਤੇ ਇਮਾਨ ਲਿਆਓ, ਅਤੇ ਰਬੱ ਦੀ ਰਾਹ ਵਿਚੱ ਆਪਣਾ ਧਨ ਅਤੇ ਤਨ ਦੁਆਰਾ ਜਿਹਾਦ ਕਰੋ। ਜੇ ਤੁਸੀਂ ਜਾਣਕਾਰ ਹੋ, ਤਾਂ ਇਹ ਗੱਲ੍ਹਾਂ ਤੁਹਾਡੇ ਲਈ ਚੰਗੀ ਹੈ। (ਤੁਹਾਡੇ ਅਜਿਹਾ ਕਰਨ ਉੱਤੇ) ਉਹ ਤੁਹਾਡੇ ਪਾਪ ਸਾਫ਼ ਕਰ ਦੇਵੇਗਾ ਅਤੇ ਤੁਹਾਨੂੰ ਉਹਨਾਂ ਸਵਰਗਾਂ ਵਿਚੱ ਵਾਸਾ ਦੇਵੇਗਾ। ਜਿੰਨ੍ਹਾਂ ਹੇਠਾਂ ਨਹਿਰਾਂ ਵਗਦੀਆਂ ਹੋਣਗੀਆਂ, ਅਤੇ ਤੁਹਾਨੂੰ ਸਦਾ ਸਲਾਮਤ ਰਹਿਣ ਵਾਲੇ ਸਵਰਗਾਂ ਦੇ ਪਵਿਤੱਰ ਮਕਾਨਾਂ ਵਿਚੱ (ਵਾਸਾ ਹੋਵੇਗਾ)। ਇਹ ਵੱਡੀ ਸਫ਼ਲਤਾ ਹੈ, (ਜੋ ਤੁਹਾਨੂੰ ਪ੍ਰਾਪਤ ਹੋਵੇਗੀ)।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਕੱ ਥਾਂ ਫ਼ਰਮਾਇਆ ਕਿ ਮੈਂ ਵੀ ਮਸੀਹ ਮੂਸਵੀ ਦੇ ਕਦਮ ਉੱਤੇ ਭੇਜਿਆ ਗਿਆ ਅਤੇ ਜਿਵੇਂ ਕਿ ਹਜ਼ਰਤ ਈਸਾ ਅਲੈਹਿ ਸਲਾਮ ਨੇ ਰਹਿਮ ਅਤੇ ਮੁਆਫ਼ੀ ਦੀ ਸਿਖਿੱਆ ਦਿੱਤੀ ਸੀ, ਮੈਂ ਵੀ ਰਹਿਮ ਅਤੇ ਬਖ਼ਸ਼ਿਸ਼ ਅਤੇ ਸੁਲਹਾ ਦੀ ਸਿਖਿੱਆ ਨਾਲ ਮਸੀਹ ਮੁਹਮੱਦੀ ਵੱਜੋਂ ਭੇਜਿਆ ਗਿਆ ਹਾਂ। ਇਹ ਜ਼ਮਾਨਾ ਹੁਣ ਕੁਰਆਨ ਸ਼ਰੀਫ਼ ਦੀ ਸਿਖਿੱਆ ਦੇ ਪ੍ਰਚਾਰ ਦਾ ਜ਼ਮਾਨਾ ਹੈ। ਤਲਵਾਰ ਦੇ ਜਿਹਾਦ ਦਾ ਹੁਣ ਜ਼ਮਾਨਾ ਨਹੀਂ ਹੈ। ਪਰ ਇਸਲਾਮੀ ਸਿਖਿੱਆ ਨੂੰ ਫ਼ੈਲਾਉਣ ਲਈ ਕਲਮ ਦਾ ਜਿਹਾਦ ਅਤੇ ਪ੍ਰਚਾਰ ਦਾ ਜਿਹਾਦ ਜਾਰੀ ਹੈ ਅਤੇ ਇਸ ਜਿਹਾਦ ਨੂੰ ਜਾਰੀ ਰਖੱਣ ਲਈ ਵੀ ਜਾਨ, ਮਾਲ ਅਤੇ ਇਜ਼ੱਤ ਦੀ ਕੁਰਬਾਨੀ ਦੀ ਇੰਝ ਜ਼ਰੂਰਤ ਹੈ ਜਿਵੇਂ ਇਸਲਾਮ ਦੇ ਆਰੰਭ ਵਿਚੱ ਕੁਰਬਾਨੀਆਂ ਦੀ ਜ਼ਰੂਰਤ ਸੀ।

ਇਹ ਜ਼ਮਾਨਾ ਜਿਸ ਵਿਚੱ ਸਮਾਜੀ ਤੌਰ ਉੱਤੇ ਅੱਗੇ ਵਧੱਣ ਲਈ ਸੰਸਾਰ ਵਿਚੱ ਬਹੁਤ ਕੋਸ਼ਿਸ਼ ਹੋ ਰਹੀ ਹੈ। ਧਰਮ ਨੂੰ ਇਹ ਲੋਕ ਭੁਲੱ ਗਏ ਹਨ ਅਤੇ ਸੰਸਾਰ ਵਲੱੁ ਬਹੁਤ ਧਿਆਨ ਹੈ। ਵਿਉਪਾਰ ਵਿਚੱ ਅੱਗੇ ਵਧੱਣ ਅਤੇ ਸੰਸਾਰਿਕ ਆਸਾਨੀਆਂ ਦੀ ਪ੍ਰਾਪਤੀ ਲਈ, ਸੰਸਾਰ ਆਪਣਾ ਧਿਆਨ ਅੰਤ ਤਕੱ ਪਹੁੰਚਾਉਣ ਲਈ ਕੋਸ਼ਿਸ਼ ਕਰ ਰਿਹਾ

ਹੈ। ਅਜਿਹੇ ਵਿਚੱ ਧਰਮ ਪ੍ਰਚਾਰ ਲਈ ਕੁਰਬਾਨੀਆਂ, ਰਬੱ ਦੀ ਨੇੜ੍ਹਤਾ ਪਾਉਣ ਦਾ ਸਾਧਨ ਅਤੇ ਕਾਮਯਾਬ ਵਿਉਪਾਰ ਹੈ। ਇਹੀ ਰਬੱ ਨੇ ਇਹਨਾਂ ਆਇਤਾਂ ਵਿਚੱ ਜ਼ਿਕਰ ਫ਼ਰਮਾਇਆ ਹੈ।

ਸੋ, ਇਹ ਜ਼ਮਾਨਾ ਜੋ ਮਸੀਹ ਮੌਊਦ ਦਾ ਜ਼ਮਾਨਾ ਹੈ। ਇਸ ਜ਼ਮਾਨੇ ਵਿਚੱ ਖ਼ਾਸ ਤੌਰ ਉੱਤੇ ਵਿੱਤੀ ਜਿਹਾਦ ਇਕੱ ਮਹਤੱਵਪੂਰਨ ਕੰਮ ਹੈ। ਰਬੱ ਨੇ ਕੁਰਆਨ ਸ਼ਰੀਫ਼ ਵਿਚੱ ਵਿੱਤੀ ਕੁਰਬਾਨੀ ਵਲੱ੍ਹ ਕਈ ਥਾਂਵਾ ਉੱਤੇ ਧਿਆਨ ਦੁਆਇਆ ਹੈ। ਫ਼ਰਮਾਇਆ : ਤੁਹਾਨੂੰ ਕੀ ਹੋ ਗਿਆ ਹੈ ਕਿ ਤੁਸੀਂ ਰਬੱ ਦੀ ਰਾਹ ਵਿਚੱ ਖ਼ਰਚ ਨਹੀਂ ਕਰਦੇ। ਇੰਝ ਹੀ ਫ਼ਰਮਾਇਆ ਕਿ ਰਬੱ ਦੀ ਰਾਹ ਵਿਚੱ ਖ਼ਰਚ ਕਰੋ ਅਤੇ ਆਪਣੇ ਹਥੱ ਨਾਲ ਆਪਣੇ ਆਪ ਨੂੰ ਤਬਾਹੀ ਵਿਚੱ ਨ ਪਾਓ। ਰਬੱ ਕਿਸੇ ਦਾ ਉਧਾਰ ਨਹੀਂ ਰਖੱਦਾ। ਉਸ ਨੇ ਅਜਿਹੇ ਵਿਉਪਾਰ ਦੀ ਖ਼ਬਰ ਦਿੱਤੀ ਹੈ। ਜੋ ਸੰਸਾਰ ਅਤੇ ਅੰਤ ਦੀ ਕਾਮਯਾਬੀ ਉੱਤੇ ਆਧਾਰਿਤ ਹੈ। ਨੇਕ ਸੋਚ ਨਾਲ ਉਸ ਦੀ ਰਾਹ ਵਿਚੱ ਕੀਤੀ ਗਈ ਕੁਰਬਾਨੀ ਨੂੰ ਰਬੱ ਕਈ ਗੁਣਾ ਵਧਾਉਂਦਾ ਹੈ। ਇਹੀ ਉਸ ਨੇ ਕੁਰਆਨ ਸ਼ਰੀਫ਼ ਵਿਚੱ ਫ਼ਰਮਾਇਆ ਹੈ।

ਅਜੱ ਰਬੱ ਦੀ ਕਿਰਪਾ ਨਾਲ ਅਹਮਦੀ ਹੀ ਹਨ। ਜੋ ਧਰਮ ਲਈ ਵਿੱਤੀ ਕੁਰਬਾਨੀ ਕਰਨ ਦੀ ਮਹਤੱਤਾ ਨੂੰ ਸਮਝਦੇ ਹਨ। ਅਜਿਹੀਆਂ ਮਿਸਾਲਾਂ ਮੈਂ ਆਮ ਤੌਰ ਉੱਤੇ ਬਿਆਨ ਕਰਦਾ ਹਾਂ। ਅਜੱ ਵੀ ਬਿਆਨ ਕਰਾਂਗਾ।

ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਅਗੱ ਤੋਂ ਬਚੋ ਭਾਵੇਂ ਅੱਧੀ ਖ਼ਜੂਰ ਦੇ ਕੇ ਹੀ ਸਹੀ ਇੰਝ ਹੀ ਫ਼ਰਮਾਇਆ ਕਿ ਕੰਜੂਸੀ ਤੋਂ ਬਚੋ। ਇਹ ਕੰਜੂਸੀ ਹੀ ਹੈ। ਜਿਸ ਨੇ ਪਹਿਲੀ ਕੌਮਾਂ ਨੂੰ ਤਬਾਹ ਕੀਤਾ ਸੀ। ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਦੇ ਸਹਾਬੀਆਂ ਦਾ ਤਾਂ ਇਹ ਹਾਲ ਸੀ ਕਿ ਜਦੱ ਕੋਈ ਵਿੱਤੀ ਤਹਰੀਕ ਹੁੰਦੀ ਤਾਂ ਮਜ਼ਦੂਰੀ ਕਰਨ ਨਿਕਲ ਜਾਂਦੇ ਅਤੇ ਜੋ ਕੁਝੱ ਕਮਾਈ ਹੁੰਦੀ ਉਹ ਰਬੱ ਦੀ ਰਾਹ ਵਿਚੱ ਪੈਸ਼ ਕਰ ਦਿੰਦੇ। ਅਜਿਹੇ ਸ਼ਰਧਾਵਾਨ ਰਬੱ ਨੇ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਦੇ ਗ਼ੁਲਾਮ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਵੀ ਬਖ਼ਸ਼ੇ ਹਨ। ਇਤਿਹਾਸ ਅਜਿਹੇ ਬਹੁਤ ਸਾਰੇ ਕਿਸਿੱਆਂ ਨਾਲ ਭਰਿਆ ਪਿਆ ਹੈ। ਰਬੱ ਨੇ ਉਹਨਾਂ ਕੁਰਬਾਨੀਆਂ ਕਰਨ ਵਾਲਿਆਂ ਦੀ ਆਸਥਾ ਨੂੰ ਵਿਅਰਥ ਨਹੀਂ ਜਾਣ ਦਿੱਤਾ। ਸੋ, ਉਹਨਾਂ ਸਹਾਬੀਆਂ ਅਤੇ ਕੁਰਬਾਨੀਆਂ ਕਰਨ ਵਾਲਿਆਂ ਦੀਆਂ ਔਲਾਦਾਂ ਨੂੰ ਵੀ ਯਾਦ ਰਖੱਣਾ ਚਾਹੀਦਾ ਹੈ ਕਿ ਰਬੱ ਨੇ ਉਹਨਾਂ ਨੂੰ ਜੋ ਕੁਝੱ ਬਖ਼ਸ਼ਿਆ ਹੈ। ਇਹ ਉਹਨਾਂ ਦੀਆਂ ਕੁਰਬਾਨੀਆਂ ਦਾ ਫ਼ਲ ਹੈ। ਰਬੱ ਦੀ ਮਿਹਰ ਨਾਲ ਅਜੱ ਜਮਾਅਤ ਕੁਰਬਾਨੀ ਕਰਨ ਵਾਲੀ ਹੈ। ਅਫ਼ਰੀਕਾ ਵਿਚੱ ਵੀ ਅਜਿਹੀਆਂ ਮਿਸਾਲਾਂ ਹਨ ਅਤੇ ਪਾਕਿਸਤਾਨ ਵਿਚੱ ਵੀ, ਭਾਰਤ ਵਿਚੱ ਵੀ ਅਜਿਹੀਆਂ ਮਿਸਾਲਾਂ ਸਾਮ੍ਹਣੇ ਆਉਂਦੀਆਂ ਰਹਿੰਦੀਆਂ ਹਨ।

ਹਜ਼ੂਰ ਨੇ ਰਿਪਬਲਿਕ ਆਫ਼ ਸੈਂਟਰਲ ਅਫ਼ਰੀਕਾ, ਕਜ਼ਾਕਿਸਤਾਨ, ਕਰਗ਼ਿਸਤਾਨ, ਫ਼ਿਲਿਪਾਇਨ, ਕੈਮਰੂਨ, ਤਨਜ਼ਾਨੀਆ, ਟੋਗੋ, ਇੰਡੋਨੇਸ਼ੀਆ, ਆਸਟਰੈਲੀਆ ਅਤੇ ਹੋਰ ਦੇਸ਼ਾਂ ਦੇ ਅਹਮਦੀਆਂ ਦੇ ਚੰਦਾ ਵਕਫ਼ੇ ਜਦੀਦ ਸੰਬੰਧੀ ਕਿੱਸੇ ਬਿਆਨ ਕੀਤੇ। ਇਸੇ ਲੜ੍ਹੀ ਵਿਚੱ ਫ਼ਰਮਾਇਆ :

ਸਾਵੰਤ ਵਾੜ੍ਹੀ, ਭਾਰਤ ਦੇ ਇਕੱ ਅਹਮਦੀ ਹਨ ਸਿਰਾਜ ਸਾਹਿਬ। ਉਹਨਾਂ ਨੇ ਕਿਹਾ ਕਿ ਮੈਂ ਵਿੱਤੀ ਕੁਰਬਾਨੀ ਦੀ ਬਰਕਤ ਨੂੰ ਆਪਣੀ ਅੱਖਾਂ ਨਾਲ ਵੇਖਿਆ ਹੈ। ਵਕਫ਼ੇ ਜਦੀਦ ਦਾ ਚੰਦਾ ਬਾਕੀ ਸੀ ਕਰੋਨਾ ਕਰਕੇ। ਦੋ ਤਿੰਨ ਸਾਲ ਤੋਂ ਸ਼੍ਰੀਮਾਨ ਦੇ ਬਾਗ਼ ਦੀ ਲਕੜ੍ਹ ਮੀਂਹ ਕਰਕੇ ਖ਼ਰਾਬ ਹੋ ਰਹੀ ਸੀ। ਸ਼੍ਰੀਮਾਨ ਖ਼ਰੀਦਾਰ ਲਭੱ ਰਹੇ ਸਨ। ਕੋਈ ਨਹੀਂ ਮਿਲ ਰਿਹਾ ਸੀ। ਸ਼੍ਰੀਮਾਨ ਕਹਿੰਦੇ ਹਨ : ਜਦੱ ਵਕਫ਼ੇ ਜਦੀਦ ਦੇ ਇੰਸਪੈਕਟਰ ਸਾਹਿਬ ਆਏ ਅਤੇ ਚੰਦੇ ਦੀ ਮੰਗ ਕੀਤੀ ਤਾਂ ਸ਼੍ਰੀਮਾਨ ਨੇ 2,000 ਰੁਪਏ ਉਸੇ ਸਮੇਂ ਅਦਾ ਕਰ ਦਿੱਤੇ। ਕਹਿੰਦੇ ਹਨ ਕਿ ਦੋ ਦਿਨ ਦੇ ਅੰਦਰ ਅੰਦਰ

ਜੋ ਖ਼ਰੀਦਾਰ ਕੀਮਤ ਤੈਅ ਕਰਨ ਦੇ ਬਾਦ ਵੀ ਸਮਾਨ ਨਹੀਂ ਲੈ ਰਿਹਾ ਸੀ। ਅਚਾਨਕ ਆ ਕੇ 20,000 ਦੇ ਕੇ ਸਮਾਨ ਲੈ ਗਿਆ ਅਤੇ ਇਹ ਕਹਿੰਦੇ ਹਨ ਕਿ ਮੇਰਾ ਤਾਂ ਇਹੀ ਵਿਸ਼ਵਾਸ ਹੈ ਕਿ ਚੰਦੇ ਦੀ ਬਰਕਤ ਨਾਲ ਰਬੱ ਨੇ 2,000 ਨੂੰ ਵਧਾ ਕੇ 20,000 ਮੈਨੂੰ ਵਾਪਸ ਕਰ ਦਿੱਤੇ ਹਨ। ਨਹੀਂ ਤਾਂ ਜੋ ਸਮਾਨ ਸਾਲਾਂ ਤੋਂ ਖ਼ਰਾਬ ਹੋ ਰਿਹਾ ਸੀ ਉਹ ਅੱਗੇ ਵੀ ਖ਼ਰਾਬ ਹੋਣਾ ਸੀ।

ਹਜ਼ੂਰ ਨੇ ਸੰਸਾਰ ਭਰ ਤੋਂ ਵਿੱਤੀ ਕੁਰਬਾਨੀਆਂ ਦੇ ਕਿੱਸੇ ਬਿਆਨ ਕਰਨ ਦੇ ਬਾਦ ਫ਼ਰਮਾਇਆ ਕਿ ਕਿਵੇਂ ਕਿਵੇਂ ਦੇ ਸ਼ਰਧਾਲੂ ਰਬੱ ਨੇ ਸੰਸਾਰ ਦੇ ਕੰਢੇ ਕੰਢੇ ਵਿਚੱ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਬਖ਼ਸ਼ੇ ਹਨ। ਇਹ ਇਕੱ ਲੰਮੀ ਸੂਚੀ ਹੈ। ਮੇਰੇ ਲਈ ਮੁਸ਼ਕਿਲ ਸੀ ਕਿ ਕਿਸ ਦਾ ਜ਼ਿਕਰ ਕਰਾਂ ਅਤੇ ਕਿਸ ਨੂੰ ਛੱਡਾਂ। ਜਿੰਨ੍ਹਾਂ ਦੇ ਕਿੱਸੇ ਮੈਂ ਬਿਆਨ ਨਹੀਂ ਕਰ ਸਕਿਆ। ਉਹਨਾਂ ਦੀ ਸ਼ਰਧਾ ਅਤੇ ਵਫ਼ਾ ਵਿਚੱ ਕੋਈ ਕਮੀ ਨਹੀਂ ਹੈ। ਉਹਨਾਂ ਲੋਕਾਂ ਨੇ ਰਬੱ ਦੀ ਇੱਛਾ ਲਈ ਇਹ ਕੁਰਬਾਨੀਆਂ ਕੀਤੀਆਂ ਹਨ।

ਹਜ਼ੂਰ ਨੇ ਇਸ ਦੇ ਬਾਦ ਵਕਫ਼ੇ ਜਦੀਦ ਦੇ 67ਵੇਂ ਸਾਲ ਦਾ ਐਲਾਨ ਕਰਦੇ ਹੋਏ ਫ਼ਰਮਾਇਆ ਕਿ ਰਬੱ ਦੀ ਕਿਰਪਾ ਨਾਲ ਵਿਸ਼ਵ ਵਿਆਪੀ ਜਮਾਅਤੇ ਅਹਮਦੀਆ ਨੇ ਦੌਰਾਨੇ ਸਾਲ 1,39,41,000 ਪਾਉਂਡ ਦੀ ਵਿੱਤੀ ਕੁਰਬਾਨੀ ਵਕਫ਼ੇ ਜਦੀਦ ਵਿਚੱ ਪੈਸ਼ ਕੀਤੀ। ਇਹ ਕੁਰਬਾਨੀ ਪਿਛੱਲੇ ਸਾਲ ਤੋਂ 7,18,000 ਪਾਉਂਡ ਵਧੱ ਹੈ।

ਕੁਰਬਾਨੀ ਦੇ ਹਿਸਾਬ ਨਾਲ ਬਰਤਾਨੀਆ ਪਹਿਲੇ ਨੰਬਰ ਉੱਤੇ ਹੈ। ਫ਼ਿਰ ਕਨੈਡਾ, ਜਰਮਨੀ, ਅਮਰੀਕਾ, ਪਾਕਿਸਤਾਨ, ਭਾਰਤ, ਅਸਟਰੈਲੀਆ, ਮਿਡਲ ਈਸਟ ਦੀ ਇਕੱ ਜਮਾਅਤ, ਇੰਡੋਨੈਸ਼ੀਆ, ਮਿਡਲ ਈਸਟ ਦੀ ਫ਼ਿਰ ਇਕੱ ਜਮਾਅਤ ਹੈ ਅਤੇ ਬੈਲਜੀਅਮ ਹੈ।

ਅਫ਼ਰੀਕਾ ਦੀ ਜਮਾਅਤਾਂ ਵਿਚੱ ਮਾਰੀਸ਼ਸ, ਘਾਨਾ, ਬਰਕੀਨਾਫ਼ਾਸੂ, ਤਨਜ਼ਾਨੀਆ, ਨਾਈਜੈਰੀਆ, ਲਾਈਬੈਰੀਆ, ਗ਼ੈਮਬੀਆ, ਯੂਗੰਡਾ ਅਤੇ ਸੈਰਾਲੀਓਨ ਹਨ।

ਇਸ ਸਾਲ 44000 ਨਵੇਂ ਚੰਦਾ ਦੇਣ ਵਾਲੇ ਸ਼ਾਮਿਲ ਹੋਏ ਹਨ।

ਭਾਰਤ ਦੇ ਦਸ ਸੂਬੇ ਹਨ : ਕੇਰਲਾ, ਤਾਮਿਲਨਾਡੂ, ਜੰਮੂ ਕਸ਼ਮੀਰ, ਤਿਲੰਗਾਨਾ, ਕਰਨਾਟਕਾ, ਉਡੀਸ਼ਾ, ਪੰਜਾਬ, ਪਛੱਮੀ ਬੰਗਾਲ, ਦਿੱਲੀ ਅਤੇ ਮਹਾ ਰਾਸ਼ਟਰਾ। ਦਸ ਜਮਅਤਾਂ ਹਨ : ਹੈਦਰਾਬਾਦ, ਕੋਇੰਬਟੂਰ, ਕਾਦੀਆਂ, ਕਾਲੀਕਟ, ਮੰਜੀਰੀ, ਬੈਂਗਲੂਰੁ, ਮੈਲਾਪਾਲਮ, ਕਲਕੱਤਾ, ਕੈਰੋਲਾਈ ਅਤੇ ਕੇਰੰਗ। ਰਬੱ ਸਾਰੀਆਂ ਦੇ ਮਾਲਾਂ ਅਤੇ ਜਾਨਾਂ ਵਿਚੱ ਬਰਕਤ ਬਖ਼ਸ਼ੇ। ਆਮੀਨ

ਖ਼ੁਤਬੇ ਦੇ ਅੰਤ ਵਿਚੱ ਹਜ਼ੂਰੇ ਅਨਵਰ ਨੇ ਫ਼ਲਸਤੀਨੀਆਂ ਲਈ ਦੁਆ ਕਰਨ ਅਤੇ ਲੋਕਾਂ ਤਕੱ, ਖ਼ਾਸ ਕਰਕੇ ਲੀਡਰਾਂ ਤਕੱ ਆਪਣੀ ਆਵਾਜ਼ ਪਹੁੰਚਾਉਣ ਲਈ ਕਿਹਾ। ਇਸਰਾਈਲੀ ਸਰਕਾਰ ਨੇ ਹੁਣ ਸੰਦੇਸ਼ ਦਿੱਤਾ ਹੈ ਕਿ 2024ਈ ਵੀ ਜੰਗ ਦਾ ਸਾਲ ਹੈ। ਰਬੱ ਫ਼ਲਸਤੀਨੀਆਂ ਉੱਤੇ ਰਹਿਮ ਕਰੇ ਅਤੇ ਮੁਸਲਮਾਨਾਂ ਉੱਤੇ ਵੀ ਰਹਿਮ ਫ਼ਰਮਾਏ ਉਹਨਾਂ ਨੂੰ ਵੀ ਅਕਲ ਅਤੇ ਸਮਝ ਦੇਵੇ ਅਤੇ ਇਸ ਪਾਸੇ ਵੀ ਇਹ ਧਿਆਨ ਦੇਣ ਕਿ ਜ਼ਮਾਨੇ ਦੇ ਇਮਾਮ ਨੂੰ ਇਹ ਸੁਣਨ ਅਤੇ ਮੰਨਣ। ਆਮੀਨ

اَلْحَمْدُلِلّٰہِ! اَلْحَمْدُلِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ أَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَأْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔